

# ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ.)

ਖਡੂਰ ਸਾਹਿਬ, ਤਰਨ ਤਾਰਨ 143117

www.nishan-e-sikhi.org nsikhi@yahoo.in +91 97793 14298

ASPIRING FOR EXELLECNCE

NISHAN-E-SIKHI
INTERNATIONAL SCHOOL

# ਸਾਲਾਨਾ ਰਿਪੋਰਟ

## ਵਿਦਿਅਕ ਵਰ੍ਹਾ 2024-25




# ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ

ਸੀ.ਬੀ.ਐਸ.ਈ ਨਵੀਂ ਦਿੱਲੀ ਨਾਲ ਮਾਨਤਾ ਪ੍ਰਾਪਤ ਨੰ. 1631143

# NISHAN-E-SIKHI INTERNATIONAL SCHOOL

Affiliated with CBSE New Delhi No. 1631143

Khadur Sahib, Tarn Taran

nsikhischool.com nsikhischool@gmail.com 90415 -38111



जसटिस ਸੁਰਿੰਦਰ ਸਿੰਘ ਸਾਰੋਂ
ਸੀਨੀਅਰ ਜੱਜ (ਰਿਟਾ.)
ਪੰਜਾਬ ਐਂਡ ਹਰਿਆਣਾ ਹਾਈਕੋਰਟ



ਸ. ਗੁਰਬੀਰ ਸਿੰਘ ਮਾਂਗਟ
ਮੈਨੇਜਿੰਗ ਡਾਇਰੈਕਟਰ ਰਿਟਾ.
ਪੰਜਾਬ ਰਾਜ ਸਹਿਕਾਰੀ ਬੈਂਕ

ਪਰਮ ਸਤਿਕਾਰਯੋਗ ਬਾਬਾ ਸੇਵਾ ਸਿੰਘ ਜੀ, ਅੱਜ ਦੇ ਮੁੱਖ ਮਹਿਮਾਨ ਮਾਣਯੋਗ ਜਸਟਿਸ ਸੁਰਿੰਦਰ ਸਿੰਘ ਸਾਰੋਂ (ਸੇਵਾ-ਮੁਕਤ ਜੱਜ- ਪੰਜਾਬ ਅਤੇ ਹਰਿਆਣਾ ਹਾਈਕੋਰਟ), ਅੱਜ ਦੇ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ੍ਰ.ਗੁਰਬੀਰ ਸਿੰਘ ਮਾਂਗਟ ਮੈਨੇਜਿੰਗ ਡਾਇਰੈਕਟਰ ਰਿਟਾ.,( ਪੰਜਾਬ ਰਾਜ ਸਹਿਕਾਰੀ ਬੈਂਕ), ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਦੇ ਪ੍ਰਿੰਸੀਪਲ, ਡਾਇਰੈਕਟਰ ਸਾਹਿਬਾਨ, ਮੈਨੇਜਮੈਂਟ, ਇਲਾਕੇ ਦੇ ਪਤਵੰਤੇ ਸੱਜਣ, ਸਟਾਫ਼-ਮੈਂਬਰ, ਬੱਚਿਆਂ ਦੇ ਮਾਤਾ-ਪਿਤਾ ਅਤੇ ਪਿਆਰੇ ਬੱਚਿਓ

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥


ਮੈਂ ਸਕੂਲ ਦੀ ਪ੍ਰਬੰਧਕੀ ਕਮੇਟੀ, ਸਟਾਫ਼ ਮੈਂਬਰਾਨ ਅਤੇ ਵਿਦਿਆਰਥੀਆਂ ਵੱਲੋਂ ਮੁੱਖ ਮਹਿਮਾਨ, ਬਾਹਰੋਂ ਆਈਆਂ ਸਤਿਕਾਰਯੋਗ ਸਖ਼ਸ਼ੀਅਤਾਂ ਅਤੇ ਸਾਰੇ ਪਤਵੰਤੇ ਸੱਜਣਾਂ ਨੂੰ ਤਹਿ ਦਿਲੋਂ ਜੀ ਆਇਆਂ ਆਖਦਾ ਹਾਂ।

ਮੇਰੇ ਲਈ ਅੱਜ ਦੀ ਇਹ ਘੜੀ ਬੜੀ ਸੁਭਾਗ-ਭਰੀ ਹੈ ਕਿ ਅੱਜ ਮੈਨੂੰ ਸਕੂਲ ਦੇ ਨੌਂਵੇਂ ਸਲਾਨਾ ਇਨਾਮ-ਵੰਡ ਸਮਾਗਮ ਮੌਕੇ , ਵਿੱਦਿਅਕ ਵਰ੍ਹੇ 2024-2025 ਦੀ ਸਾਲਾਨਾ ਰਿਪੋਰਟ ਤੁਹਾਡੇ ਸਾਹਮਣੇ ਰੱਖਣ ਦਾ ਅਵਸਰ ਪ੍ਰਾਪਤ ਹੋਇਆ ਹੈ।

ਖਡੂਰ ਸਾਹਿਬ ਬਾਰੇ:- ਅੱਠ ਗੁਰੂ ਸਾਹਿਬਾਨ ਦੀ ਚਰਨ–ਛੁਹ ਪ੍ਰਾਪਤ ਇਤਿਹਾਸਕ ਨਗਰ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਤਾ–ਗੱਦੀ ਦਾ ਤਕਰੀਬਨ 13 ਸਾਲਾਂ ਦਾ ਸਮਾਂ ਬਤੀਤ ਕੀਤਾ ਤੇ ਕਈ ਕਾਰਜਾਂ ਨੂੰ ਸੰਪੂਰਨ ਕੀਤਾ ਜਿਵੇਂ:- ਗੁਰਮੁਖੀ ਲਿੱਪੀ ਦੀ ਪਹਿਲੀ ਪਾਠਸ਼ਾਲਾ ਨੂੰ ਸਥਾਪਿਤ ਕਰਨਾ, ਜਾਤ-ਪਾਤ ਤੇ ਉਚ-ਨੀਚ ਦੇ ਭੇਦ-ਭਾਵ ਮਿਟਾਉਣ ਲਈ ਲੰਗਰ ਪ੍ਰਥਾ ਨੂੰ ਪ੍ਰਪੱਕ ਕਰਨਾ ਅਤੇ ਜਨਮ ਸਾਖੀ ਲਿਖਵਾ ਕੇ ਗੁਰ ਇਤਿਹਾਸ ਨੂੰ ਸੰਭਾਲਣਾ। ਨੌਜਵਾਨਾਂ ਨੂੰ ਬੁਰੀਆਂ ਆਦਤਾਂ ਤੋਂ ਦੂਰ ਰੱਖਣ ਤੇ ਸਰੀਰਕ ਪੱਖੋਂ ਤਕੜਾ ਕਰਨ ਲਈ ਮੱਲ-ਅਖਾੜੇ ਦੀ ਸਥਾਪਨਾ ਕੀਤੀ। ਇੱਥੇ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਬਖ਼ਸ਼ੀ ਤੇ ਬਖ਼ਸ਼ਿਸ਼ਾਂ ਦੇ ਕੇ ਨਿਵਾਜਿਆ । ਗੁਰੂ ਘਰ ਦੇ ਅਨਿਨ ਸੇਵਕ ਬਾਬਾ ਬੁੱਢਾ ਜੀ ਵੀ ਸਮੇਂ–ਸਮੇਂ ਖਡੂਰ ਸਾਹਿਬ ਨਗਰ ਵਿਖੇ ਗੁਰੂ ਸਾਹਿਬਾਨ ਦੀ ਸ਼ਰਨ ਵਿੱਚ ਰਹਿ ਕੇ ਸੇਵਾ ਨਿਭਾਉਂਦੇ ਰਹੇ।

## ਵਾਤਾਵਰਨ ਸੰਭਾਲ ਮੁਹਿੰਮ







ਨਿਸ਼ਾਨ-ਏ- ਸਿੱਖੀ ਚੈਰੀਟੇਬਲ ਟਰੱਸਟ(ਰਜਿ.) ਖਡੂਰ ਸਾਹਿਬ ਸੰਸਥਾ 'ਵਾਤਾਵਰਨ ਸੰਭਾਲ ਪਰਿਯੋਜਨਾ' ਤਹਿਤ 1999 ਤੋਂ ਹੀ ਵੱਡੇ ਪੱਧਰ 'ਤੇ ਰੁੱਖ ਲਗਾਉਣ ਅਤੇ ਉਹਨਾਂ ਨੂੰ ਬੱਚਿਆਂ ਦੀ ਤਰ੍ਹਾਂ ਪਾਲਣ ਦੀ ਸੇਵਾ ਕਰਕੇ 'ਬਲਿਹਾਰੀ ਕੁਦਰਤ ਵਸਿਆ' ਦੇ ਸਿਧਾਂਤ ਨੂੰ ਜੀਵਨ ਦੇ ਅਮਲੀ ਰੂਪ ਵਿੱਚ ਪ੍ਰਗਟ ਕਰਨ ਲਈ ਯਤਨਸ਼ੀਲ ਹੈ। 'ਵਾਤਾਵਰਣ ਸੰਭਾਲ ਮੁਹਿੰਮ' ਤਹਿਤ ਸੰਸਥਾ ਵੱਲੋਂ ਹੁਣ ਤੱਕ ਲਗਭਗ 550 ਕਿਲੋਮੀਟਰ ਸੜਕਾਂ ਦੇ ਕਿਨਾਰਿਆਂ 'ਤੇ ਰੁੱਖ ਲਗਾਏ ਜਾ ਚੁੱਕੇ ਹਨ। 500 ਪਿੰਡਾਂ ਵਿੱਚ ਬੂਟੇ ਲਗਾਉਂਦੇ ਹੋਏ 50 ਦੇ ਕਰੀਬ ਹਰਿਆਵਲ ਭਰਪੂਰ ਪਾਰਕਾਂ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ। ਵੱਖ-ਵੱਖ ਜਨਤਕ ਥਾਵਾਂ ਜਿਵੇਂ ਸਕੂਲ, ਕਾਲਜ, ਹਸਪਤਾਲ ਆਦਿ ਵਿੱਚ ਹੁਣ ਤੱਕ 7,87,000 ਰੁੱਖ ਲਗਾਏ ਗਏ ਹਨ। ਜਿਨਾਂ ਵਿੱਚ 5000 ਬੋਹੜ, 5000 ਪਿੱਪਲ, 5000 ਪਿਲਕਣ ਵੀ ਸ਼ਾਮਲ ਹਨ । ਜੀਵ-ਜੰਤੂਆਂ ਦੇ ਰੈਣ ਬਸੇਰੇ ਅਤੇ ਵਾਤਾਵਰਨ ਦੀ ਸ਼ੁੱਧਤਾ ਵਾਸਤੇ ਸੰਸਥਾ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 550 ਜੰਗਲ ਲਗਾਉਣ ਦੀ ਟੀਚਾ ਰੱਖਿਆ ਗਿਆ ਸੀ ਜਿਸ ਵਿੱਚੋਂ ਹੁਣ ਤੱਕ 363 ਛੋਟੇ ਜੰਗਲ ਲੱਗ ਚੁੱਕੇ ਹਨ ਅਤੇ ਉਪਰੋਕਤ ਸਭ ਕਾਰਜ ਅੱਜ ਵੀ ਨਿਰੰਤਰ ਜਾਰੀ ਹਨ।

## ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ

ਵਿੱਦਿਅਕ ਸਹੂਲਤਾਂ ਨੂੰ ਮੁੱਖ ਰੱਖਦਿਆਂ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਖਡੂਰ ਸਾਹਿਬ ਵੱਲੋਂ ਸ੍ਰ: ਕਰਤਾਰ ਸਿੰਘ ਠਕਰਾਲ ਸਿੰਘਾਪੁਰ ਨਿਵਾਸੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕਰਵਾਈ ਗਈ ਸੇਵਾ ਨਾਲ ਖਡੂਰ ਸਾਹਿਬ ਵਿਖੇ ਕੌਮਾਂਤਰੀ ਪੱਧਰ ਦਾ ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਖੋਲ੍ਹਿਆ ਗਿਆ ਹੈ। ਤਕਰੀਬਨ 11.5 ਏਕੜ 'ਚ ਸੀ.ਬੀ.ਐਸ.ਸੀ ਨਵੀਂ ਦਿੱਲੀ ਨਾਲ ਸੰਬੰਧਿਤ, ਸੀਨੀਅਰ ਸੈਕੰਡਰੀ ਪੱਧਰ ਦਾ ਇਹ ਸਕੂਲ ਅਤਿ-ਆਧੁਨਿਕ ਸਹੂਲਤਾਂ ਨਾਲ ਬਣਿਆ ਹੈ। ਸਕੂਲ ਦੀ ਇਮਾਰਤ ਸਿੱਖ ਆਰਕੀਟੈਕਚਰ 'ਤੇ ਅਧਾਰਿਤ ਇਤਿਹਾਸਕ ਤੇ ਵਿਰਾਸਤੀ ਦਿੱਖ ਵਾਲੀ ਹੈ ਅਤੇ ਇਸ ਵਿੱਚ ਦੁਨੀਆਂ ਦੀ ਨਵੀਨ ਤਕਨਾਲੋਜੀ ਵਰਤੀ ਗਈ ਹੈ।

ਹੁਣ ਇਸ ਸਕੂਲ ਦਾ ਦਸਵਾਂ ਵਿੱਦਿਅਕ ਵਰ੍ਹਾ 2025-26 ਚੱਲ ਰਿਹਾ ਹੈ। ਇਸ ਸਮੇਂ ਇਸ ਸਕੂਲ ਵਿੱਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ 2200 ਵਿਦਿਆਰਥੀ ਵਿੱਦਿਆ ਹਾਸਲ ਕਰ ਰਹੇ ਹਨ। ਸਕੂਲ ਵਿੱਚ ਬੱਚਿਆਂ ਨੂੰ ਬਹੁਤ ਸਾਰੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ ਜਿਵੇ:- ਰੋਬੋਟਿਕਸ ਲੈਬ, ਆਧੁਨਿਕ ਕੰਪਿਊਟਰ ਪ੍ਰਯੋਗਸ਼ਾਲਾ, ਸਾਇੰਸ ਪ੍ਰਯੋਗਸ਼ਾਲਾ, ਮੈਥ ਲੈਬ, ਸਮਾਜਿਕ ਸਿੱਖਿਆ ਲੈਬ, ਭਾਸ਼ਾ ਲੈਬ, ਸਮਾਰਟ ਕਲਾਸਾਂ, ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬ੍ਰੇਰੀਆਂ ਅਤੇ ਵਿਸ਼ਾਲ ਖੇਡ ਦੇ ਮੈਦਾਨ, ਇਨਡੋਰ ਗੇਮ ਰੂਮ, ਆਰਟ ਰੂਮ, ਸੰਗੀਤ ਭਵਨ ਆਦਿ। ਸਕੂਲ ਵਿਦਿਆਰਥੀਆਂ ਅੰਦਰਲੀ ਕਲਾਤਮਿਕ ਪ੍ਰਤਿਭਾ ਨੂੰ ਉਭਾਰਨ ਅਤੇ ਪ੍ਰਫੁੱਲਤ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ ।
















# ਵਿਦਿਅਕ ਖੇਤਰ



ਅਵਰੀਤ ਕੌਰ
ਕਾਮਰਸ
ਜ਼ਿਲ੍ਹੇ ਵਿੱਚ ਪਹਿਲਾ ਸਥਾਨ 98.6 %



ਤ੍ਰਿਪਤਜੋਤ ਕੌਰ ਖਹਿਰਾ
ਕਾਮਰਸ
ਦੂਸਰਾ ਸਥਾਨ 97.0%



ਸਹਿਜਪ੍ਰੀਤ ਕੌਰ
ਨਾਨ ਮੈਡੀਕਲ
ਤੀਸਰਾ ਸਥਾਨ 96.0%

ਵਿੱਦਿਅਕ-ਵਰ੍ਹੇ 2024-2025 ਦੀ ਸੀ.ਬੀ. ਐਸ. ਈ. ਬੋਰਡ ਦੀ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਦਾ ਨਤੀਜਾ ਸ਼ਾਨਦਾਰ ਰਿਹਾ। ਸੀ.ਬੀ.ਐਸ.ਈ. ਬੋਰਡ ਦੀ ਬਾਰ੍ਹਵੀਂ ਜਮਾਤ ਵਿੱਚ ਵੱਡੀਆਂ ਮੱਲਾਂ ਮਾਰਦਿਆਂ ਵਿਦਿਆਰਥਣ ਅਵਰੀਤ ਕੌਰ ਨੇ 98.6% ਨੰਬਰ ਲੈ ਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ, ਤ੍ਰਿਪਤ ਜੋਤ ਕੌਰ ਖਹਿਰਾ ਨੇ 97% ਅੰਕਾਂ ਨਾਲ ਸਕੂਲ ਵਿੱਚੋਂ ਦੂਜਾ ਅਤੇ ਸਹਿਜਪ੍ਰੀਤ ਕੌਰ ਨੇ 96% ਅੰਕਾਂ ਨਾਲ ਸਕੂਲ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ।

ਇਸੇ ਤਰ੍ਹਾਂ ਸਕੂਲ ਦੇ 86 ਵਿਦਿਆਰਥੀਆਂ ਨੇ ਸੀ.ਬੀ.ਐਸ.ਈ ਬੋਰਡ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਦਿੱਤੀ ਜਿਸ ਦਾ ਨਤੀਜਾ ਸ਼ਾਨਦਾਰ ਰਿਹਾ। ਸੀ.ਬੀ.ਐਸ. ਈ ਬੋਰਡ ਦੀ ਦਸਵੀਂ ਜਮਾਤ ਵਿੱਚ ਵੱਡੀਆਂ ਮੱਲਾਂ ਮਾਰਦਿਆਂ ਇਵਲੀਨ ਕੌਰ ਨੇ 98.6% ਅੰਕ ਪ੍ਰਾਪਤ ਕਰਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ, ਗੁਰਲੀਨ ਕੌਰ ਨੇ 93.8% ਅੰਕਾਂ ਨਾਲ ਸਕੂਲ ਵਿੱਚੋਂ ਦੂਸਰਾ ਸਥਾਨ, ਇਸ਼ਮੀਤ ਕੌਰ ਅਤੇ ਗੁਰਲੀਨ ਕੌਰ ਨੇ 93.6% ਅੰਕਾਂ ਨਾਲ ਸਕੂਲ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ।



ਇਵਲੀਨ ਕੌਰ
ਜ਼ਿਲ੍ਹੇ ਵਿੱਚ ਪਹਿਲਾ ਸਥਾਨ 98.6%



ਗੁਰਲੀਨ ਕੋਰ
ਦੂਸਰਾ ਸਥਾਨ 93.8%



ਗੁਰਲੀਨ ਕੋਰ
ਤੀਸਰਾ ਸਥਾਨ 93.6%



ਇਸ਼ਮੀਤ ਕੌਰ
ਤੀਸਰਾ ਸਥਾਨ 93.6%



ਇੱਥੇ ਇਹ ਵਰਨਣਯੋਗ ਹੈ ਕਿ ਬਾਰ੍ਹਵੀਂ ਜਮਾਤ ਦੇ 5 ਵਿਦਿਆਰਥੀਆਂ ਨੇ ਪੰਜਾਬੀ ਵਿਸ਼ੇ ਵਿੱਚੋਂ ,14 ਵਿਦਿਆਰਥੀਆਂ ਨੇ ਪੇਂਟਿੰਗ ਵਿੱਚੋਂ ਅਤੇ 1 ਵਿਦਿਆਰਥੀ ਨੇ ਆਈ.ਟੀ. ਵਿਸ਼ੇ ਵਿੱਚੋਂ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ।

ਇਸੇ ਤਰ੍ਹਾਂ ਦਸਵੀਂ ਜਮਾਤ ਦੇ ਇਕ ਵਿਦਿਆਰਥੀ ਨੇ ਪੰਜਾਬੀ ਵਿਸ਼ੇ ਵਿੱਚੋਂ ਅਤੇ ਫਿਜ਼ੀਕਲ ਐਕਟੀਵਿਟੀ ਟਰੇਨਰ ਵਿਸ਼ੇ ਵਿੱਚੋਂ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ।

ਸੀ.ਬੀ.ਐਸ.ਈ. ਵੱਲੋਂ ਅੱਠਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਿੱਚ ਗਣਿਤ ਯੋਗਤਾ ਨੂੰ ਉਤਸ਼ਾਹਿਤ ਕਰਨ ਲਈ 'ਆਰੀਆ ਭੱਟ' ਗਣਿਤ ਚੈਲੇਂਜ -2024 ਕਰਵਾਇਆ ਗਿਆ। ਜਿਸ ਵਿਚ ਰਿਪਨਦੀਪ ਸਿੰਘ, ਕਜਨਪ੍ਰੀਤ ਕੌਰ ਅਤੇ ਇਵਲੀਨ ਕੌਰ ਨੇ ਭਾਗ ਲਿਆ। ਇਹ ਪੂਰੀ ਤਰ੍ਹਾਂ ਕੰਪਿਊਟਰ ਅਧਾਰਿਤ ਪ੍ਰੀਖਿਆ ਸੀ ਜਿਸ ਵਿੱਚ ਉਪਰੋਕਤ ਵਿਦਿਆਰਥੀਆਂ ਨੇ ਚੰਡੀਗੜ੍ਹ ਖੇਤਰ(ਜਿਸ ਵਿੱਚ ਚੰਡੀਗੜ੍ਹ, ਪੰਜਾਬ ਅਤੇ ਜੰਮੂ ਕਸ਼ਮੀਰ ਸ਼ਾਮਿਲ ਹਨ) ਦੇ ਪਹਿਲੇ 100 ਵਿਦਿਆਰਥੀਆਂ ਦੀ ਮੈਰਿਟ ਸੂਚੀ ਵਿੱਚ ਸਥਾਨ ਹਾਸਿਲ ਕੀਤਾ।

ਸਾਡੇ ਸਕੂਲ ਦੇ ਸੈਸ਼ਨ 2024-25 ਦੇ ਵਿਦਿਆਰਥੀ ਜਸਕਰਨ ਸਿੰਘ ਨੇ ਐਨ.ਡੀ.ਏ (NDA) ਦੀ ਲਿਖਤੀ ਪ੍ਰੀਖਿਆ ਅਤੇ ਐੱਸ.ਐੱਸ.ਬੀ. ਇੰਟਰਵਿਊ ਦੋਵੇਂ ਪਾਸ ਕਰ ਲਏ ਹਨ ਅਤੇ ਹੁਣ ਉਕਤ ਵਿਦਿਆਰਥੀ ਦੀ ਲੈਫਟੀਨੈਂਟ ਦੀ ਟ੍ਰੇਨਿੰਗ ਲਈ ਨਿਯੁਕਤੀ ਹੋ ਚੁੱਕੀ ਹੈ, ਜੋ ਸਕੂਲ ਲਈ ਮਾਣ ਵਾਲੀ ਗੱਲ ਹੈ।



ਸੀ.ਬੀ.ਐਸ.ਈ ਵੱਲੋਂ 'ਸਕਿਲ ਐਕਸਪੋ ਅਤੇ ਮਾਰਗਦਰਸ਼ਨ ਫੈਸਟੀਵਲ' 2025 ਕਰਵਾਇਆ ਗਿਆ ਜਿਸ ਵਿੱਚ ਚੰਡੀਗੜ੍ਹ ਅਤੇ ਪੰਚਕੂਲਾ ਖੇਤਰ ਦੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚੋਂ ਸਕੂਲ ਦੇ ਵਿਦਿਆਰਥੀ ਮੰਜ਼ਦੀਪ ਸਿੰਘ ਅਤੇ ਰਿਪਨਦੀਪ ਸਿੰਘ ਨੇ 'ਟੈਕਨੋਲੋਜੀ ਅਤੇ ਨਵੀਨਤਾ' ਦੇ ਵਿਸ਼ੇ ਤੇ ਆਪਣਾ ਪ੍ਰੋਜੈਕਟ 'ਇਲੈਕਟ੍ਰਿਕ ਵਾਹਨਾਂ ਲਈ ਸੜਕਾਂ ਉੱਤੇ ਇਲੈਕਟ੍ਰਿਕ ਟਰਾਂਸਮਿਸ਼ਨ' ਪੇਸ਼ ਕੀਤਾ ਅਤੇ ਪ੍ਰਦਰਸ਼ਨੀ ਵਿੱਚੋਂ ਚੋਟੀ ਦੇ 30 ਸਕੂਲਾਂ ਵਿੱਚ ਸਥਾਨ ਹਾਸਿਲ ਕੀਤਾ।






ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬੀ ਓਲੰਪਿਆਡ ਕਰਵਾਇਆ ਗਿਆ ਜਿਸ ਵਿੱਚ ਸਕੂਲ ਦੇ 50 ਵਿਦਿਆਰਥੀਆਂ ਨੇ ਭਾਗ ਲਿਆ ਅਤੇ 20 ਵਿਦਿਆਰਥੀਆਂ ਨੇ ਵਿਸ਼ੇਸ਼ ਪ੍ਰਮਾਣ- ਪੱਤਰ ਹਾਸਿਲ ਕੀਤੇ।

ਨੈਸ਼ਨਲ ਆਟੋਮੋਬਾਇਲ ਅਤੇ ਸੀ.ਬੀ.ਐਸ.ਈ ਵੱਲੋਂ ਨੈਸ਼ਨਲ ਆਟੋ ਮੋਬਾਇਲ ਓਲੰਪਿਆਡ- 2024(NAO-NATIONAL AUTOMOBILE OLYMPIAD) ਕਰਵਾਇਆ ਗਿਆ ਜਿਸ ਵਿੱਚ ਸਕੂਲ ਦੇ 60 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਜਿਸ ਵਿੱਚੋਂ 34 ਵਿਦਿਆਰਥੀਆਂ ਨੇ ਪਹਿਲੇ ਪੜਾਅ ਨੂੰ ਸਫ਼ਲਤਾ ਪੂਰਵਕ ਪਾਰ ਕਰਕੇ ਦੂਜੇ ਪੜਾਅ ਲਈ ਕੁਆਲੀਫਾਈ ਕੀਤਾ।

## IIT Madras ਨਾਲ ਭਾਈਵਾਲੀ

ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ ਮਦਰਾਸ (IIT ਮਦਰਾਸ) ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਉਹਨਾਂ ਦੀ ਉੱਚ -ਸਿੱਖਿਆ ਤੇ ਕਰੀਅਰ ਬਾਰੇ ਵਿਕਲਪ ਚੋਣ ਕਰਨ ਵਿੱਚ ਮਦਦ ਕਰਨ ਲਈ 'IITM ਸਕੂਲ ਕਨੈਕਟ' ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਤਹਿਤ ਸਕੂਲ ਦੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ 'ਡੇਟਾ ਸਾਇੰਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ', 'ਇਲੈਕਟ੍ਰੋਨਿਕਸ ਸਿਸਟਮ',ਕਾਨੂੰਨ ਦੀ ਜਾਣ-ਪਛਾਣ (Introduction to Law)ਆਰਕੀਟੈਕਚਰ ਅਤੇ ਡਿਜ਼ਾਈਨ, ਏਰੋਸਪੇਸ ਦੇ ਮੂਲ ਸਿਧਾਂਤ, ਮੈਥ ਅਨਪਲੱਗਡ: ਗੇਮਜ਼ ਅਤੇ ਪਜ਼ਲਜ਼ (Math Unplugged: Games and Puzzles) ਮੈਥ ਅਤੇ ਕੰਪਿਊਟਿੰਗ, ਹਿਊਮੈਨਿਟੀਜ਼ ਅਨਪਲੱਗਡ(Humanities Unplugged), ਇੰਜੀਨੀਅਰਿੰਗ ਬਾਇਓਲੌਜੀਕਲ ਸਿਸਟਮਜ਼ ਦੇ ਸਰਟੀਫਿਕੇਟ ਕੋਰਸ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਹਨਾਂ ਕੋਰਸਾਂ ਦੀ ਮਿਆਦ ਅੱਠ ਹਫ਼ਤੇ ਹੈ । ਸਾਡੇ ਸਕੂਲ ਨੇ ਆਈ.ਆਈ.ਟੀ ਮਦਰਾਸ ਨਾਲ ਭਾਈਵਾਲੀ ਕੀਤੀ ਹੈ ਅਤੇ ਸਕੂਲ ਦੇ 34 ਵਿਦਿਆਰਥੀ ਇਹਨਾਂ ਤਕਨੀਕੀ ਕੋਰਸਾਂ ਵਿੱਚ ਸ਼ਮੂਲੀਅਤ ਕਰ ਰਹੇ ਹਨ ਅਤੇ ਉਹਨਾਂ ਵਿੱਚੋਂ 24 ਵਿਦਿਆਰਥੀਆਂ ਨੇ ਕੋਰਸਾਂ ਨੂੰ ਮੁਕੰਮਲ ਕਰਨ ਉਪਰੰਤ ਸਰਟੀਫਿਕੇਟ ਪ੍ਰਾਪਤ ਕਰ ਲਏ ਹਨ। ਸੀ.ਬੀ.ਐਸ.ਈ ਵੱਲੋਂ ਵਿਦਿਆਰਥੀਆਂ ਨੂੰ ਕਿੱਤਾਮੁਖੀ ਕੋਰਸਾਂ ਨਾਲ ਜੋੜਨ ਦਾ ਜੋ ਉਪਰਾਲਾ ਕੀਤਾ ਜਾ ਰਿਹਾ ਹੈ ਇਹ ਕੋਰਸ ਇਸੇ ਲੜੀ ਤਹਿਤ ਪਹਿਲ-ਕਦਮੀ ਹਨ।

## ਯੋਗਤਾ ਪ੍ਰੀਖਣ ਟੈਸਟ

ਸੀ.ਬੀ.ਐਸ.ਈ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਡੇ ਸਕੂਲ ਵੱਲੋਂ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ 'ਯੋਗਤਾ ਪ੍ਰੀਖਣ'(aptitude test )ਟੈਸਟ ਕਰਵਾਇਆ ਗਿਆ, ਇਹ ਪ੍ਰੀਖਿਆ ਇੱਕ ਮਿਆਰੀ ਮੁਲਾਂਕਣ ਹੈ ਜੋ ਕਿਸੇ ਖ਼ਾਸ ਖੇਤਰ ਜਾਂ ਪੇਸ਼ੇ ਲਈ ਇੱਕ ਵਿਦਿਆਰਥੀ ਦੀ ਕੁਦਰਤੀ ਯੋਗਤਾ ਜਾਂ ਪ੍ਰਤਿਭਾ ਨੂੰ ਮਾਪਣ ਲਈ ਵਰਤਿਆ ਜਾਂਦਾ ਹੈ ਇਸੇ ਪ੍ਰੀਖਿਆ ਦੇ ਆਧਾਰ 'ਤੇ ਸਾਡੇ ਸਕੂਲ ਦੇ ਅਧਿਆਪਕਾਂ ਵੱਲੋਂ ਉਹਨਾਂ ਦੀਆਂ ਦਿਲਚਸਪੀਆਂ, ਸ਼ਕਤੀਆਂ ਅਤੇ ਮੁੱਲਾਂ ਦੀ ਪਹਿਚਾਣ ਕਰਕੇ ਵਿਦਿਆਰਥੀਆਂ ਦੇ ਜਨੂੰਨ ਨਾਲ ਜੁੜੇ ਕੈਰੀਅਰ ਦੇ ਵਿਕਲਪਾਂ ਬਾਰੇ ਨਵੀਨਤਮ ਜਾਣਕਾਰੀ ਮੁਹੱਈਆ ਕਰਵਾਈ ਗਈ ਤਾਂ ਜੋ ਵਿਦਿਆਰਥੀ ਕਰੀਅਰ ਨਾਲ ਸੰਬੰਧਿਤ ਚਿੰਤਾਵਾਂ ਤੇ ਚੁਣੌਤੀਆਂ ਦਾ ਹੱਲ ਕੱਢ ਕੇ ਆਪਣੇ ਹੁਨਰ ਅਤੇ ਰਣਨੀਤੀਆਂ ਵਿੱਚ ਸੁਧਾਰ ਕਰ ਸਕਣ।

## VVM ( ਵਿਦਿਆਰਥੀ ਵਿਗਿਆਨ ਮੰਥਨ )

ਵਿਗਿਆਨ ਭਾਰਤੀ ਅਤੇ ਐੱਨ.ਸੀ.ਈ.ਆਰ.ਟੀ ( NCERT) ਵੱਲੋਂ ਕਰਵਾਈ ਗਈ ਵਿਦਿਆਰਥੀ ਵਿਗਿਆਨ ਮੰਥਨ ਪ੍ਰਤੀਯੋਗਤਾ 2025 ਵਿੱਚ ਸਕੂਲ ਦੇ 35 ਵਿਦਿਆਰਥੀਆਂ ਨੇ ਹਿੱਸਾ ਲਿਆ ਜਿਸ ਵਿੱਚੋਂ ਸਕੂਲ ਦੇ 25 ਵਿਦਿਆਰਥੀ ਇਸ ਪ੍ਰਤੀਯੋਗਤਾ ਦੇ ਅਗਲੇ ਪੜਾਅ ਲਈ ਚੁਣੇ ਗਏ ਹਨ।

## Indian Navy Quiz THINQ 2025

ਭਾਰਤੀ ਜਲ ਸੈਨਾ ਦੁਆਰਾ ਕਰਵਾਏ ਗਏ ਰਾਸ਼ਟਰੀ ਪੱਧਰ ਦੇ Indian Navy Quiz THINQ – 2025 ਕੁਇਜ਼ ਮੁਕਾਬਲੇ ਵਿੱਚ ਸਾਡੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੀ ਭਾਗ ਲਿਆ ਗਿਆ । ਪੂਰੇ ਭਾਰਤ ਵਿੱਚੋਂ ਲਗਭਗ 35,740 ਟੀਮਾਂ ਨੇ ਭਾਗ ਲਿਆ ਜਿਸ ਵਿੱਚ ਸਾਡੇ ਸਕੂਲ ਦੀਆਂ ਅੱਠ ਟੀਮਾਂ ਸ਼ਾਮਿਲ ਸਨ ਅਤੇ ਅਤੇ ਇੱਕ ਟੀਮ ਨੇ ਉੱਤਰੀ ਜ਼ੋਨ ਦੇ ਉੱਚ ਕੋਟੀ ਦੇ 20 ਪ੍ਰਤੀਸ਼ਤ ਸਕੂਲਾਂ ਵਿੱਚ ਸਥਾਨ ਪ੍ਰਾਪਤ ਕਰਦੇ ਹੋਏ ਤੀਸਰੇ ਪੜਾਅ ਵਿੱਚ ਸਫਲਤਾ ਪੂਰਕ ਕੁਆਲੀਫਾਈ ਕੀਤਾ।

# ਸਹਿ-ਅਕਾਦਮਿਕ ਗਤੀਵਿਧੀਆਂ



ਅਕਾਦਮਿਕ ਖੇਤਰ ਵਿੱਚ ਮੱਲਾਂ ਮਾਰਨ ਦੇ ਨਾਲ-ਨਾਲ ਕੋਮਲ ਕਲਾਵਾਂ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਵੀ ਸਕੂਲ ਦੀਆਂ ਪ੍ਰਾਪਤੀਆਂ ਸ਼ਾਨਦਾਰ ਹਨ। ਸਾਡੇ ਸਕੂਲ ਦੇ ਵਿਦਿਆਰਥੀ ਸੀ.ਬੀ.ਐਸ.ਸੀ. ਅਤੇ ਹੋਰ ਸੰਸਥਾਵਾਂ ਵਲੋਂ ਕਰਵਾਈਆਂ ਵੱਖ- ਵੱਖ ਪ੍ਰਤੀਯੋਗਤਾਵਾਂ ਵਿੱਚ ਭਾਗੀਦਾਰੀ ਲੈਂਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਸਕੂਲ ਦੇ 15 ਵਿਦਿਆਰਥੀਆਂ ਨੇ ਮੈਰਿਟ ਹਾਸਿਲ ਕਰਕੇ ਵਜ਼ੀਫਾ ਪ੍ਰਾਪਤ ਕੀਤਾ । 'ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ' ਨੂੰ ਸਮਰਪਿਤ 'ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ' ਵਿਖੇ ਕਰਵਾਈਆਂ ਗਈਆਂ ਧਾਰਮਿਕ ਪ੍ਰਤੀਯੋਗਤਾਵਾਂ ਵਿੱਚੋਂ ਸ਼ਬਦ ਵਿਚਾਰ ਪ੍ਰਤੀਯੋਗਤਾ ਵਿੱਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਹਰਸ਼ਦੀਪ ਸਿੰਘ ਨੇ ਪਹਿਲਾ ਸਥਾਨ, ਧਾਰਮਿਕ ਲਿਖਤੀ ਪ੍ਰਤੀਯੋਗਤਾ ਵਿੱਚ ਗੁਰਨੂਰ ਕੌਰ ਅਤੇ ਗਗਨਦੀਪ ਕੌਰ (ਜਮਾਤ ਨੌਵੀਂ) ਅਤੇ ਪਲਕਪ੍ਰੀਤ ਕੌਰ (ਜਮਾਤ ਗਿਆਰਵੀ) ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਇਹਨਾਂ ਹੀ ਵਿਦਿਆਰਥਣਾਂ ਨੇ ਧਾਰਮਿਕ ਪ੍ਰਸ਼ਨੋਤਰੀ (ਕੁਇਜ਼) ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।

ਇਸੇ ਲੜੀ ਤਹਿਤ ਹੋਏ ਕਵੀਸ਼ਰੀ ਗਾਇਨ ਮੁਕਾਬਲੇ ਵਿੱਚ ਜਸਪ੍ਰੀਤ ਸਿੰਘ (ਜਮਾਤ ਗਿਆਰਵੀਂ), ਸਾਹਿਬਜੋਤ ਸਿੰਘ ਅਤੇ ਸੈਫਲਦੀਪ ਸਿੰਘ (ਜਮਾਤ ਨੌਵੀਂ) ਨੇ ਪਹਿਲਾ ਸਥਾਨ ਹਾਸਲ ਕੀਤਾ।



ਜ਼ਿਲ੍ਹਾ ਪੱਧਰੀ 'ਵੋਟਰ ਦਿਵਸ' ਤੇ ਕਰਵਾਏ ਗਏ ਪੋਸਟਰ ਮੁਕਾਬਲੇ ਵਿੱਚੋਂ ਸਾਡੇ ਸਕੂਲ ਦੇ ਵਿਦਿਆਰਥੀ ਸਾਹਿਲਪ੍ਰੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਖੇਡ ਪ੍ਰਾਪਤੀਆਂ:- ਸਕੂਲ ਵਿੱਚ ਬੱਚਿਆਂ ਨੂੰ ਹਰ ਤਰ੍ਹਾਂ ਦੀਆਂ ਖੇਡਾਂ ਜਿਵੇਂ:- ਅਥਲੈਟਿਕਸ, ਵਾਲੀਵਾਲ, ਹੈਂਡਬਾਲ, ਬੈਡਮਿੰਟਨ, ਖੋ-ਖੋ, ਟੇਬਲ-ਟੈਨਸ, ਕੈਰਮ-ਬੋਰਡ, ਚੈੱਸ ਆਦਿ ਖੇਡਾਂ ਕਰਵਾਈਆਂ ਜਾਂਦੀਆਂ ਹਨ ਅਤੇ ਸਕੂਲ ਵੱਲੋਂ ਬੱਚਿਆਂ ਨੂੰ ਵੱਖ-ਵੱਖ ਅੰਤਰ ਸਕੂਲ ਖੇਡ ਮੁਕਾਬਲਿਆਂ ਵਿੱਚ ਵੀ ਭੇਜਿਆ ਜਾਂਦਾ ਹੈ ਜਿਵੇਂ:- ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਗਈਆਂ ਵੱਖ-ਵੱਖ ਖੇਡਾਂ ਵਿੱਚ ਜ਼ੋਨਲ ਪੱਧਰ 'ਤੇ ਐਥਲੈਟਕਿਸ ਦੀਆਂ ਵੱਖ-ਵੱਖ ਪ੍ਰਤੀਯੋਗਤਾਵਾਂ ਵਿੱਚ ਸਕੂਲ ਦੇ 40 ਵਿਦਿਆਰਥੀਆਂ ਨੇ ਭਾਗ ਲਿਆ। ਅਥਲੈਟਿਕਸ ਵਿੱਚ ਵਿਦਿਆਰਥੀਆਂ ਨੇ ਵਧੀਆ ਕਾਰਗੁਜ਼ਾਰੀ ਦਿਖਾਉਂਦੇ ਹੋਏ 51 ਤਗਮੇ ਜਿੱਤੇ ਅਤੇ 25 ਵਿਦਿਆਰਥੀਆਂ ਦੀ ਜ਼ਿਲ੍ਹਾ ਪੱਧਰ ਲਈ ਚੋਣ ਹੋਈ।

ਰੱਸਾ-ਕਸ਼ੀ (ਅੰਡਰ-17) ਤੇ (ਅੰਡਰ-19)ਲੜਕਿਆਂ ਦੀਆਂ ਟੀਮਾਂ ਨੇ ਜ਼ੋਨਲ ਪੱਧਰ ਤੇ ਪਹਿਲਾ ਸਥਾਨ ਤੇ ਦੂਜਾ ਸਥਾਨ, ਵਾਲੀਬਾਲ (ਅੰਡਰ-19) ਲੜਕਿਆਂ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਜ਼ਿਲ੍ਹਾ ਪੱਧਰ 'ਤੇ ਹੈਂਡਬਾਲ ਦੀਆਂ ਟੀਮਾਂ (ਅੰਡਰ- 17) ਲੜਕਿਆਂ ਨੇ ਪਹਿਲਾ ਸਥਾਨ ਅਤੇ (ਅੰਡਰ -14 ) ਲੜਕਿਆਂ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇੱਥੇ ਜ਼ਿਕਰ ਯੋਗ ਹੈ ਕਿ ਜ਼ਿਲ੍ਹਾ ਪੱਧਰ ਤੇ ਹੋਏ ਕੁਸ਼ਤੀ ਦੇ ਮੁਕਾਬਲਿਆਂ ਵਿੱਚ ਕੁੰਵਰਪ੍ਰੀਤ ਸਿੰਘ ਨੌਵੀਂ ਜਮਾਤ ਦੇ ਵਿਦਿਆਰਥੀ ਨੇ ਜ਼ੋਰਦਾਰ ਮਿਹਨਤ ਸਦਕਾ ਤੀਸਰਾ ਸਥਾਨ ਹਾਸਿਲ ਕੀਤਾ।

ਸਕੂਲ ਦੇ 2 ਵਿਦਿਆਰਥੀਆਂ ਗੁਰਨੂਰ ਕੌਰ ਨੇ 3000 ਮੀਟਰ ਵਾਕ(walk) ਵਿੱਚ ਦੂਸਰਾ ਸਥਾਨ, ਕਰਨਬੀਰ ਸਿੰਘ ਨੇ ਲੰਬੀ ਛਾਲ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ।

ਰਾਜ ਪੱਧਰ ਤੇ ਹੋਏ ਕੁਸ਼ਤੀ ਦੇ ਮੁਕਾਬਲਿਆਂ ਵਿੱਚ ਕੁੰਵਰਪ੍ਰੀਤ ਸਿੰਘ ਨੌਵੀਂ ਦੇ ਵਿਦਿਆਰਥੀ ਨੇ ਜ਼ੋਰਦਾਰ ਮਿਹਨਤ ਸਦਕਾ ਤੀਸਰਾ ਸਥਾਨ ਹਾਸਿਲ ਕੀਤਾ।

ਕੁੱਲ ਮਿਲਾ ਕੇ ਜ਼ੋਨਲ ਪੱਧਰ ਤੇ ਸਕੂਲ ਦੇ 122 ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚੋਂ 72 ਵਿਦਿਆਰਥੀਆਂ ਦੀ ਜ਼ਿਲ੍ਹਾ ਪੱਧਰ ਲਈ ਚੋਣ ਹੋਈ ਤੇ ਉਹਨਾਂ ਵਿੱਚੋਂ 13 ਵਿਦਿਆਰਥੀਆਂ ਦੀ ਰਾਜ ਪੱਧਰ ਲਈ ਚੋਣ ਹੋਈ।



ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦਿਵਸ:- ਵਿੱਦਿਅਕ ਗਤੀਵਿਧੀਆਂ ਤੋਂ ਇਲਾਵਾ ਸਕੂਲ ਵਿੱਚ ਸਮਾਜ ਦੇ ਹੋਰ ਵਿਸ਼ਿਆਂ ਸੰਬੰਧੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦਿਵਸ ਵੀ ਮਨਾਏ ਜਾਂਦੇ ਹਨ।ਇਸ ਦ੍ਰਿਸ਼ਟੀ ਦੇ ਅੰਤਰਗਤ ਜਲ ਦਿਵਸ, ਵਾਤਾਵਰਨ ਦਿਵਸ,ਅਧਿਆਪਕ ਦਿਵਸ, ਵਿਸ਼ਵ ਧਰਤੀ ਦਿਵਸ,ਵਿਸ਼ਵ ਓਜ਼ੋਨ ਦਿਵਸ, ਵਿਸ਼ਵ ਮਾਤ-ਭਾਸ਼ਾ ਦਿਵਸ ,ਕੌਮਾਂਤਰੀ ਅਨਾਜ ਦਿਵਸ, ਕੌਮਾਂਤਰੀ ਮਾਂ ਦਿਵਸ ਮਨਾਏ ਗਏ ।








ਸਕੂਲ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਅਧਿਆਪਕ-ਮਾਪੇ ਮਿਲਣੀ ਦੌਰਾਨ ਮੋਟੇ ਅਨਾਜਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਇਸ ਵਿੱਚ ਵਿਸ਼ੇਸ਼ ਤੌਰ ਤੇ ਮੋਟੇ ਅਨਾਜ ਦੀਆਂ ਕਿਸਮਾਂ ਜਿਵੇਂ ਕਿ ਬਾਜਰਾ, ਜਵਾਰ, ਰਾਗੀ ਆਦਿ ਜੋ ਕਿ ਪੰਜਾਬ ਦੀਆਂ ਰਵਾਇਤੀ ਫਸਲਾਂ ਹਨ ਉਹਨਾਂ ਦੀ ਮੁੜ ਤੋਂ ਖੇਤੀ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਵੱਲੋਂ ਵੱਖ-ਵੱਖ ਮਾਡਲ, ਚਾਰਟ , ਮੋਟੇ ਅਨਾਜ ਦੇ ਪਕਵਾਨ ਆਦਿ ਤਿਆਰ ਕੀਤੇ ਗਏ ਅਤੇ ਉਹਨਾਂ ਨੂੰ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਵਿੱਚ ਪੰਜਾਬ ਦੀਆਂ ਵਿਰਾਸਤੀ ਅਤੇ ਮੌਜੂਦਾ ਫਸਲਾਂ ਨੂੰ ਉਗਾਉਣ ਲਈ ਪਾਣੀ ਦੀ ਖ਼ਪਤ, ਵਰਤੀਆਂ ਜਾਣ ਵਾਲੀਆਂ ਦਵਾਈਆਂ ਅਤੇ ਇਹਨਾਂ ਦੇ ਚੰਗੇ -ਮਾੜੇ ਨਤੀਜਿਆਂ ਤੋਂ ਸਾਰਿਆਂ ਨੂੰ ਜਾਣੂ ਕਰਵਾਇਆ ਗਿਆ ਅਤੇ ਵਾਤਾਵਰਣ ਵਿੱਚ ਫ਼ੈਲੇ ਪ੍ਰਦੂਸ਼ਣ ਨੂੰ ਘਟਾਉਣ ਤੇ ਭਵਿੱਖ ਵਿੱਚ ਪ੍ਰਦੂਸ਼ਣ ਦੇ ਫੈਲਣ ਤੇ ਰੋਕ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ।







ਇਸੇ ਤਰ੍ਹਾਂ ਹੀ 'ਕੌਮਾਂਤਰੀ ਧਰਤੀ ਦਿਹਾੜੇ' ਨੂੰ ਸਮਰਪਿਤ ਘਰਾਂ ਵਿੱਚ ਕੂੜੇ ਕਰਕਟ /ਰਹਿੰਦ-ਖੂੰਹਦ ਤੋਂ ਸਜਾਵਟ ਲਈ ਕਲਾ /ਸ਼ਿਲਪਕਾਰੀ ਵਸਤੂ ਬਣਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ ਤਾਂ ਜੋ ਉਹਨਾਂ ਨੂੰ ਦੁਬਾਰਾ ਵਰਤਿਆ ਜਾ ਸਕੇ। ਇਸ ਤਰ੍ਹਾਂ ਕੂੜੇ ਨਾਲ ਵਾਤਾਵਰਣ ਵਿੱਚ ਫੈਲਣ ਵਾਲੇ ਪ੍ਰਦੂਸ਼ਣ ਨੂੰ ਘਟਾਇਆ ਜਾ ਸਕਦਾ ਹੈ। ਵਿਦਿਆਰਥੀਆਂ ਵੱਲੋਂ ਬਣਾਈਆਂ ਗਈਆਂ ਇਹਨਾਂ ਵਸਤੂਆਂ ਨੂੰ ਸਕੂਲ ਵਿੱਚ ਪ੍ਰਦਰਸ਼ਨੀ ਦੌਰਾਨ ਪੇਸ਼ ਕੀਤਾ ਗਿਆ।





## ਅੰਤਰ-ਹਾਊਸ ਮੁਕਾਬਲੇ







ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਅੰਦਰ ਛੁਪੇ ਅੰਦਰੂਨੀ ਹੁਨਰ ਨੂੰ ਨਿਖਾਰਨ ਲਈ ਅਤੇ ਉਹਨਾਂ ਦੇ ਸਰੀਰਿਕ ਤੇ ਨੈਤਿਕ ਵਿਕਾਸ ਲਈ ਸਕੂਲ ਵਿੱਚ ਬਾਬਾ ਦੀਪ ਸਿੰਘ ਜੀ, ਅਕਾਲੀ ਫੂਲਾ ਸਿੰਘ ਜੀ, ਸਰਦਾਰ ਹਰੀ ਸਿੰਘ ਨਲਵਾ ਅਤੇ ਸਰਦਾਰ ਸ਼ਾਮ ਸਿੰਘ ਅਟਾਰੀ ਨਾਮ ਹੇਠ ਚਾਰ ਹਾਊਸ ਬਣਾਏ ਗਏ ਹਨ। ਇਹਨਾਂ ਹਾਊਸਾਂ ਵਿੱਚ ਜੂਨੀਅਰ ਤੇ ਸੀਨੀਅਰ ਵਰਗ ਭਾਸ਼ਣ, ਵਾਦ-ਵਿਵਾਦ, ਕਵਿਤਾ ਉਚਾਰਨ, ਕੁਇਜ਼ ,ਸੁੰਦਰ ਲਿਖਾਈ, ਚਿੱਤਰ-ਕਲਾ , ਕਵੀਸ਼ਰੀ , ਪੰਜਾਬੀ ਪੱਤਰ ਲੇਖਣ, ਪ੍ਰਤਿਭਾ ਖੋਜ (Talent Hunt), ਅੰਤਰ ਹਾਊਸ ਕਹਾਣੀ ਸੁਣਾਉਣ ਮੁਕਾਬਲਾ(Inter house story telling competition), ਅਤੇ ਦਸਤਾਰ ਮੁਕਾਬਲਾ ਕਰਵਾਏ ਜਾਂਦੇ ਹਨ।

## EAT RIGHT CAMPUS

ਫੂਡ ਸੇਫਟੀ ਐਂਡ ਸਟੈਂਟਰਟ ਅਥਾਰਟੀ ਆਫ ਇੰਡੀਆ (FSSAI) ਅਤੇ ਜਿਲਾ ਸਿਹਤ ਅਫਸਰ ਵੱਲੋਂ ਸਕੂਲ ਦੇ ਭਾਈ ਬਾਲਾ ਜੀ ਹੋਸਟਲ ਦੇ ਸਾਫ ਸਫਾਈ ਦੇ ਪ੍ਰਬੰਧਨ ਦਾ ਨਿਰੀਖਣ ਕਰਨ ਉਪਰੰਤ ਸਕੂਲ ਨੂੰ EAT RIGHT CAMPUS ਦਾ ਸਰਟੀਫਿਕੇਟ ਜਾਰੀ ਕੀਤਾ ਗਿਆ।



Certificate No.-

fssai

MINISTRY OF HEALTH AND FAMILY WELFARE

NISHAN-E-SIKHI INTERNATIONAL SCHOOL
Taran Taran , Punjab

is certified as

Eat Right CAMPUS

as per guideline established by
Food Safety and Standards Authority of India
for the period of 14 May, 2025 - 13 May, 2027

FULL COMPLIANCE

Shri U. S. Dhyani
Executive Director, FSSAI

Implementation Partner | Auditing Partner | Training Partner

## ਬੈਸਟ ਪ੍ਰਿੰਸੀਪਲ ਅਵਾਰਡ



NEI NATIONAL EDUTRUST OF INDIA

SUSTAINABLE DEVELOPMENT GOALS

National EduTrust of India
Registered under Ministry of Micro, Small and Medium Enterprises, Government of India (UDYAM-CH-01-0039500)

Award of Honor for Best Principal

This is to proudly certify that

Mr. Amarjit Singh, Principal
of
Nishan-E-Sikhi International School
Khadur Sahib

has been conferred with the Best Principal Award for Excellence in Sustainability & Environmental Stewardship 2025 in recognition of outstanding leadership, innovative practices, and unwavering commitment towards sustainability and environmental consciousness in the field of education. Through visionary guidance and dedicated efforts, the institution has been led towards promoting eco-friendly initiatives, inspiring students and faculty to actively engage in green practices, and contributing significantly to advancing the Sustainable Development Goals (SDGs). This award stands as a testimony to exemplary dedication in creating a culture of responsibility, community participation, and long-lasting impact towards a greener and more sustainable future.

Samarth Sharma
Chief Executive Officer

Date: 14.08.2025
Certificate no NEI/Principal/ School/ 2/017

ਬੈਸਟ ਪ੍ਰਿੰਸੀਪਲ ਅਵਾਰਡ (BEST PRINCIPAL AWARD) – NATIOANL EDU TRUST OF INDIA ਵੱਲੋਂ ਸਕੂਲ ਦੇ ਸਾਫ ਸੁਥਰੇ ਵਾਤਾਵਰਣ ਅਤੇ ਸਕੂਲ ਦੀਆਂ ਵਾਤਾਵਰਣ ਸਬੰਧੀ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਨੂੰ ਮੁੱਖ ਰੱਖਦੇ ਹੋਏ ਸਕੂਲ ਦੇ ਪ੍ਰਿੰਸੀਪਲ ਸ੍ਰ. ਅਮਰਜੀਤ ਸਿੰਘ ਨੂੰ ਸਥਿਰਤਾ ਅਤੇ ਵਾਤਾਵਰਣ ਪ੍ਰਬੰਧਨ 2025 ਵਿੱਚ BEST PRINCIPAL AWARD for Excellence in Sustainability and Environmental Stewardship ਨਾਲ ਸਨਮਾਨਿਤ ਕੀਤਾ ਗਿਆ।

*Winners at Schools Level – Best Principal Award for Excellence in Sustainability & Environmental Stewardship – 2025*



S. Amarjit Singh, Principal
Nishan-E-Sikhi International School, Taran Taran



Dr. Reshma Ashok Hegde, Principal
Kapol Vidyanidhi International School, Mumbai



Kanika Sachdeva Govi
Principal,
Delhi Public School, Rohini




Ms Suruchi Gandhi, Principal,
Bal Bharati Public School, Dwarka



Dr. Satyawan Betkekar, Principal
Murgaon Education Society's Madhav Kamat Higher Secondary School, Zuarinagar, Goa



Ms Naina Dhillon, Principal
Vidya Devi Jindal School
Hisar, Haryana



Ms. Archana Soni, Principal
Chinmaya Vidyalaya
New Delhi



Mani Wadhwa, Principal
Adharshila Play-Way Convent School Abohar

## ਹੜ੍ਹ ਪੀੜਤਾਂ ਲਈ ਰਾਹਤ ਸੱਮਗਰੀ

ਇਸ ਸਾਲ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਹੜ ਆਉਣ ਕਾਰਨ ਕਾਫੀ ਨੁਕਸਾਨ ਹੋਇਆ ਹੈ । ਸਕੂਲ ਦੇ ਸਟਾਫ ਵੱਲੋਂ ਕਾਰ ਸੇਵਾ ਖਡੂਰ ਸਾਹਿਬ ਦੇ ਸਹਿਯੋਗ ਨਾਲ ਗੁਰਦਾਸਪੁਰ ਜਿਲੇ ਦੇ ਹੜ ਪ੍ਰਭਾਵਿਤ ਪਿੰਡਾਂ ਵਿੱਚ ਜਾ ਕੇ ਲੋੜਵੰਦ ਪਰਿਵਾਰਾਂ ਨੂੰ ਰਾਹਤ ਸੱਮਗਰੀ ਵੰਡੀ ਗਈ।




## ਵਰਕਸ਼ਾਪ






ਅੱਜ ਦੇ ਆਧੁਨਿਕ ਯੁੱਗ ਵਿੱਚ ਅਧਿਆਪਕ ਵਰਗ ਨੂੰ ਸਮੇਂ ਦਾ ਹਾਣੀ ਬਣਾਉਣ ਅਤੇ ਨਵੀਆਂ ਅਧਿਆਪਨ ਵਿਧੀਆਂ ਸਿਖਾਉਣ ਲਈ ਸਮੇਂ-ਸਮੇਂ ਸੀ.ਬੀ.ਐਸ.ਈ. ਵੱਲੋਂ ਅਧਿਆਪਕਾਂ ਦੀ ਵਰਕਸ਼ਾਪ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਸਾਲ ਵੀ ਸੀ.ਬੀ.ਐਸ.ਈ. ਵੱਲੋਂ ਦਿੱਤੇ ਜਾਂਦੇ ਵਿਸ਼ਿਆਂ ਉੱਪਰ ਸਕੂਲ ਦੇ ਅਧਿਆਪਕ ਸਹਿਬਾਨਾਂ ਵੱਲੋਂ ਵਰਕਸ਼ਾਪਾਂ ਲਗਾਈਆਂ ਗਈਆਂ ।ਮਿਤੀ 1 ਤੋਂ 3 ਜੁਲਾਈ, 2025 ਨੂੰ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ:) ਖਡੂਰ ਸਾਹਿਬ ਵਿਖੇ ਪੰਜਾਬੀ, ਅੰਗਰੇਜ਼ੀ, ਵਿਗਿਆਨ, ਹਿਸਾਬ ,ਸਮਾਜਿਕ ਸਿੱਖਿਆ ਅਤੇ ਕਿੰਡਰਗਾਰਟਨ ਵਿਸ਼ਿਆਂ ਨਾਲ ਸੰਬੰਧਿਤ ਤਿੰਨ ਰੋਜ਼ਾ ਵਰਕਸ਼ਾਪ ਆਯੋਜਿਤ ਕੀਤੀ ਗਈ ਜਿਸ ਵਿੱਚ ਇਸ ਸੰਸਥਾ ਅਧੀਨ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਨੇ ਭਾਗ ਲੈ ਕੇ ਪੰਜਾਬੀ, ਅੰਗਰੇਜ਼ੀ, ਵਿਗਿਆਨ, ਹਿਸਾਬ, ਸਮਾਜਿਕ ਸਿੱਖਿਆ ਅਤੇ ਕਿੰਡਰਗਾਰਟਨ ਵਿਸ਼ਿਆਂ ਦੇ ਮਾਹਿਰਾਂ ਵੱਲੋਂ ਅਧਿਆਪਨ ਦੀਆਂ ਦੱਸੀਆਂ ਆਧੁਨਿਕ ਤਕਨੀਕਾਂ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ।

ਇਸੇ ਲੜੀ ਤਹਿਤ ਸਕੂਲ ਵੱਲੋਂ ਦੋ ਦਿਨਾਂ ਲਈ ਕਪੈਸਟੀ ਬਿਲਡਿੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਸੀ.ਬੀ.ਐਸ.ਈ. ਦੇ ਵਿਸ਼ਾ ਮਾਹਿਰਾਂ ਨੇ ਅਧਿਆਪਕਾਂ ਨੂੰ ਨਵੀਂ ਸਿੱਖਿਆ ਨੀਤੀ (NEP 2020), ਰਾਸ਼ਟਰੀ ਪਾਠਕ੍ਰਮ ਢਾਂਚਾ 2023 (National Curriculum Framework 2023) ਅਤੇ ਆਧੁਨਿਕ ਸਮੇਂ ਦੀਆਂ ਸਿੱਖਿਆ ਸੰਬੰਧੀ ਚੁਣੌਤੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਪ੍ਰੋਗਰਾਮ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਨਵੇਂ ਸਿੱਖਿਅਕ ਪ੍ਰਵਾਹਾਂ ਨਾਲ ਜਾਣੂ ਕਰਵਾਉਣਾ ਅਤੇ ਉਨ੍ਹਾਂ ਦੀ ਪੇਸ਼ਾਵਰ ਯੋਗਤਾ ਵਿੱਚ ਹੋਰ ਨਿਖਾਰ ਲਿਆਉਣਾ ਸੀ।

## ਗੁਰਮਤਿ ਕੈਂਪ







ਅਧਿਆਪਕਾਂ ਨੂੰ ਗੁਰਮਤਿ ਵਿਚਾਰਾਂ ਤੇ ਗੁਰਬਾਣੀ ਦੇ ਉਚਾਰਨ ਤੋਂ ਜਾਣੂ ਕਰਵਾਉਣ ਲਈ ਨਿਸ਼ਾਨ -ਏ-ਸਿੱਖੀ ਸੰਸਥਾ ਵਿਖੇ ਅਧਿਆਪਕਾਂ ਦਾ ਤਿੰਨ ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਧਾਰਮਿਕ ਅਧਿਐਨ ਦੇ ਐਮ.ਏ ਦੇ ਵਿਦਿਆਰਥੀਆਂ ਵੱਲੋਂ ਨਿਤਨੇਮ ਬਾਣੀ ਦੀ ਵਿਆਖਿਆ ਕੀਤੀ ਗਈ ਅਤੇ ਹੋਰ ਕਈ ਵਿਦਵਾਨਾਂ ਵੱਲੋਂ ਧਰਮ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ । ਇਸ ਕੈਂਪ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਗੁਰਬਾਣੀ ਸੰਥਿਆ, ਵਿਆਖਿਆ ਅਤੇ ਗੁਰਮਤਿ ਸਿਧਾਂਤਾਂ ਤੋਂ ਜਾਣੂੰ ਕਰਵਾਉਣਾ ਸੀ ਤਾਂ ਜੋ ਉਹ ਵਿਦਿਆਰਥੀਆਂ ਵਿੱਚ ਧਾਰਮਿਕ ਰੁਚੀਆਂ ਪੈਦਾ ਕਰਕੇ ਉਹਨਾਂ ਨੂੰ ਗੁਰਮਤਿ ਸਿਧਾਂਤਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰ ਸਕਣ। ਇਸੇ ਤਰ੍ਹਾਂ ਸਕੂਲ ਦੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਉਸਾਰੀ ਲਈ ਵੀ ਪੰਜ ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ । ਇਸ ਕੈਂਪ ਦੌਰਾਨ ਇਹਨਾਂ ਵਿਦਿਆਰਥੀਆਂ ਨਾਲ ਗੁਰਬਾਣੀ ਦੀ ਸੰਥਿਆ, ਗੁਰਮਤਿ ਸਿਧਾਂਤਾਂ ਅਤੇ ਸਿੱਖ ਇਤਿਹਾਸ ਦੇ ਵੱਖ- ਵੱਖ ਪਹਿਲੂਆਂ ਦੀ ਸਾਂਝ ਪਾਈ ਗਈ।

## ਸਿੱਖਿਆਦਾਇਕ ਟੂਰ

ਟੂਰ ਇੱਕ ਮਨੋਰੰਜਨ ਭਰਪੂਰ ਅਤੇ ਸਿੱਖਿਆਦਾਇਕ ਅਨੁਭਵ ਹੈ। ਇਸ ਉਦੇਸ਼ ਨੂੰ ਮੁੱਖ ਰੱਖ ਕੇ ਸਕੂਲ ਦੇ ਚੌਥੀ ਜਮਾਤ ਦੇ ਵਿਦਿਆਰਥੀਆਂ ਨੂੰ 'ਸਾਇੰਸ ਸਿਟੀ' (ਕਪੂਰਥਲਾ) , ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ 'ਜੰਗ- ਏ ਅਜ਼ਾਦੀ'( ਕਰਤਾਰਪੁਰ), ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ 'ਰਾਕ ਗਾਰਡਨ' (ਚੰਡੀਗੜ੍ਹ ) ਟੂਰ 'ਤੇ ਲਿਜਾਇਆ ਗਿਆ ਅਤੇ ਗੁਰਮਤਿ ਕੈਂਪ ਵਿੱਚ ਹਾਜ਼ਰ ਹੋਣ ਵਾਲੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਲਈ 'ਸ੍ਰੀ ਅਨੰਦਪੁਰ ਸਾਹਿਬ' ਅਤੇ ਕਈ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਗਏ।




ਧੰਨਵਾਦ:- ਅੰਤ ਵਿੱਚ ਮੈਂ ਆਪਣੇ ਬਹੁਤ ਹੀ ਸਤਿਕਾਰਯੋਗ ਮੁੱਖ ਮਹਿਮਾਨ ਮਾਣਯੋਗ ਜਸਟਿਸ ਸੁਰਿੰਦਰ ਸਿੰਘ ਸਾਰੋਂ (ਸੇਵਾ-ਮੁਕਤ ਜੱਜ- ਪੰਜਾਬ ਅਤੇ ਹਰਿਆਣਾ ਹਾਈਕੋਰਟ), ਅੱਜ ਦੇ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ੍ਰ.ਗੁਰਬੀਰ ਸਿੰਘ ਮਾਂਗਟ ਮੈਨੇਜਿੰਗ ਡਾਇਰੈਕਟਰ ਰਿਟਾਇਰ ,( ਪੰਜਾਬ ਰਾਜ ਸਹਿਕਾਰੀ ਬੈਂਕ)ਜੀ ਦਾ ਬੇਹੱਦ ਸ਼ੁਕਰਗੁਜਾਰ ਹਾਂ ਜਿੰਨ੍ਹਾਂ ਨੇ ਆਪਣੇ ਰੁਝੇਵਿਆਂ ਵਿੱਚੋਂ ਕੀਮਤੀ ਸਮਾਂ ਕੱਢ ਕੇ ਸਾਨੂੰ ਨਿਵਾਜਿਆ ਹੈ । ਸਾਡੇ ਵਿਦਿਆਰਥੀ ਉਹਨਾਂ ਕੋਲੋਂ ਇਨਾਮ ਪ੍ਰਾਪਤ ਕਰਕੇ ਇੱਕ ਵੱਡੀ ਪ੍ਰੇਰਨਾ ਤੇ ਉਤਸ਼ਾਹ ਪ੍ਰਾਪਤ ਕਰਨਗੇ।

ਮੈਂ ਆਪਣੇ ਸਕੂਲ ਦੀ ਸਮੁੱਚੀ ਪ੍ਰਬੰਧਕੀ ਕਮੇਟੀ ਦਾ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਵੱਲੋਂ ਹਰੇਕ ਕੰਮ ਨੂੰ ਸਹਿਜ ਰੂਪ ਵਿੱਚ ਕਰਨ ਲਈ ਹਮੇਸ਼ਾ ਸਹਾਇਤਾ ਕੀਤੀ ਜਾਂਦੀ ਹੈ। ਮੈਂ ਸਤਿਕਾਰਯੋਗ ਮਹਿਮਾਨਾਂ ਅਤੇ ਮਾਤਾ-ਪਿਤਾ ਦਾ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਸਮਾਗਮ ਦੀ ਰੌਣਕ ਵਿੱਚ ਵਾਧਾ ਕੀਤਾ ਹੈ। ਮੈਂ ਆਪਣੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਦੀ ਲਗਨ ਅਤੇ ਮਿਹਨਤ ਸਦਕਾ ਅਸੀਂ ਵੱਡੀਆਂ ਪ੍ਰਾਪਤੀਆਂ ਕਰਨ ਦੇ ਯੋਗ ਹੋਏ ਹਾਂ ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥